pstcl
PUNJAB STATE TRANSMISSION CORPORATION LIMITED
ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ: ਦਫ਼ਤਰ: ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ)
ਕਾਰਪੋਰੇਟ ਆਇਡੈਂਟਿਟੀ ਨੰਬਰ:- U40109PB2010SGC033814
ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਅਤੇ ਪ੍ਰਬੰਧਕੀ, ਸ਼ਕਤੀ ਸਦਨ ਪਟਿਆਲਾ।
ਟੈਲੀਫ਼ੂਨ ਨੰ:- 0175-2970693 ਈ-ਮੇਲ: se-admin@pstcl.org ਵੈਬਸਾਇਟ : www.pstcl.org

ਦਫਤਰੀ ਹੁਕਮ ਨੰ: 191 / CS- 112 to 114 ਮਿਤੀ: 5/3/24

A) ਜਿਵੇਂ ਕਿ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ ਵੱਲੋਂ ਦਫਤਰ: ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ ਵਿਖੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਨ੍ਹਾਂ ਨੂੰ ਦੋਸ਼ ਸੂਚੀ ਨੰ: 112 ਮਿਤੀ 13.05.2021 (ਦੋਸ਼ ਸੂਚੀ ਨੰ: 113 ਅਤੇ 114 ਮਿਤੀ 13.05.2021 ਦੇ ਨਾਲ ਸਾਂਝੀ ਕਾਰਵਾਈ ਅਧੀਨ) ਜਾਰੀ ਕੀਤੀ ਗਈ ਸੀ:-

*"1. ਤੁਹਾਡੇ ਵਲੋਂ ਮਿਤੀ 19.01.2021 ਨੂੰ 220ਕੇਵੀ ਸ/ਸ ਮੰਡੀ ਗੋਬਿੰਦਗੜ੍ਹ-1 ਵਿਖੇ ਲਗਭੱਗ 17.15 ਵਜੇ 220ਕੇਵੀ ਬਸ ਬਾਰ-1 ਅਤੇ 2 ਤੋਂ ਚਲਦੇ ਸਾਰੇ 220ਕੇਵੀ ਸਰਕਟਾਂ ਅਤੇ ਸਾਰੇ 220/ 66ਕੇਵੀ ਦੇ ਟਰਾਂਸਫਾਰਮਰਾਂ ਦੇ ਟਰਿਪ ਹੋਣ ਦੇ ਕਾਰਣਾਂ ਸਬੰਧੀ ਹੇਠ ਲਿਖੇ ਅਸਲ ਤੱਥਾਂ ਨੂੰ ਜਾਣ ਬੁੱਝ ਕੇ ਛੁਪਾਇਆ ਗਿਆ:-*

- *220ਕੇਵੀ ਆਰ.ਟੀ.ਪੀ.-1 ਸਰਕਟ ਦੀ ਬੇਅ ਦੇ ਬਸ ਬਾਰ ਆਈਸੋਲੇਟਰ ਤੋਂ ਸਰਕਟ ਬ੍ਰੇਕਰ ਦੇ ਰੇਡ ਫੇਸ ਦੇ ਜੰਪਰ ਦਾ ਕਲੈਂਪ ਵਿਚੋਂ ਨਿਕਲਕੇ ਆਈਸੋਲੇਟਰ ਸਟਰਕਚਰ ਨਾਲ ਅਰਥ ਹੋਣਾ।*
- *220ਕੇਵੀ ਅਮਲੋਹ-ਮਲੇਰਕੋਟਲਾ ਲਾਈਨ ਦੀ ਟਰਿਪਿੰਗ।*
- *220 ਕੇਵੀ ਬੱਸੀ ਪਠਾਣਾ-ਆਰ.ਟੀ.ਪੀ. ਲਾਈਨ ਦੀ ਟਰਿਪਿੰਗ।*

*2. ਤੁਹਾਡੇ ਵਲੋਂ 220ਕੇਵੀ ਸ/ਸ ਜੀ-1/ ਹੈਡ ਕੁਆਟਰ ਵਿਖੇ ਮੈਂਟੀਨੈਂਸ ਦੇ ਕੰਮਾਂ ਦੇ ਪੱਧਰ ਨੂੰ ਜਾਣਬੁਝ ਕੇ ਅੱਖੋ ਪ੍ਰੋਖੇ ਕੀਤਾ ਗਿਆ ਜਿਸ ਕਾਰਨ ਮਿਤੀ 19.01.2021 ਨੂੰ 220 ਕੇਵੀ ਜੀ-1, ਅਮਲੋਹ ਅਤੇ ਬੱਸੀ ਪਠਾਣਾ ਵਿਖੇ ਬਲੈਕ ਆਊਟ ਹੋਇਆ।*

*3. 220ਕੇਵੀ ਸ/ਸ ਜੀ-1 ਤੇ ਕੀਤੀ ਜਾਂਦੀ ਰੁਟੀਨ ਮੈਂਟੀਨੇਂਸ ਦੌਰਾਨ ਈ.ਐਮ.ਆਰ. ਵਿੱਚ ਟਰਾਂਸਫਾਰਮਰਾਂ ਦੀ ਆਈ.ਆਰ. ਕੀਮਤਾਂ ਅਤੇ ਸਿਲੀਕਾ ਜੈਲ ਦੀ ਹਾਲਤ ਸਬੰਧੀ ਜਾਅਲੀ ਇੰਦਰਾਜਾਂ ਨੂੰ ਜਾਣਬੁਝ ਕੇ ਅੱਖੋ ਪ੍ਰੋਖੇ ਕੀਤਾ ਗਿਆ ਭਾਵ ਅਸਲ ਵਿੱਚ ਸ/ਸ ਦੀ ਮੈਂਟੀਨੇਂਸ ਨਾ ਹੋਣ ਕਰਕੇ ਇਸ ਦਾ ਪੱਧਰ ਬਹੁਤ ਨੀਵਾਂ ਹੁੰਦਾ ਗਿਆ। "*

B) ਜਿਵੇਂ ਕਿ ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਵੱਲੋਂ ਦਫਤਰ: 220 ਕੇਵੀ ਸਬ ਸਟੇਸ਼ਨ ਮੰਡੀ ਗੋਬਿੰਦਗੜ੍ਹ-1, ਪੀ.ਐਸ.ਟੀ.ਸੀ.ਐਲ, ਮੰਡੀ ਗੋਬਿੰਦਗੜ੍ਹ ਵਿਖੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸ ਨੂੰ ਦੋਸ਼ ਸੂਚੀ ਨੰ: 113 ਮਿਤੀ 13.05.2021 (ਦੋਸ਼ ਸੂਚੀ ਨੰ: 112 ਅਤੇ 114 ਮਿਤੀ 13.05.2021 ਦੇ ਨਾਲ ਸਾਂਝੀ ਕਾਰਵਾਈ ਅਧੀਨ) ਜਾਰੀ ਕੀਤੀ ਗਈ ਸੀ:-

*"1. ਤੁਹਾਡੇ ਵਲੋਂ ਮਿਤੀ 19.01.2021 ਨੂੰ 220ਕੇਵੀ ਸ/ਸ ਮੰਡੀ ਗੋਬਿੰਦਗੜ੍ਹ-1 ਵਿਖੇ ਲਗਭੱਗ 17.15 ਵਜੇ 220ਕੇਵੀ ਬਸ ਬਾਰ-1 ਅਤੇ 2 ਤੋਂ ਚਲਦੇ ਸਾਰੇ 220ਕੇਵੀ ਸਰਕਟਾਂ ਅਤੇ ਸਾਰੇ 220/66ਕੇਵੀ ਦੇ ਟਰਾਂਸਫਾਰਮਰਾਂ ਦੇ ਟਰਿਪ ਹੋਣ ਦੇ ਕਾਰਣਾਂ ਸਬੰਧੀ ਹੇਠ ਲਿਖੇ ਅਸਲ ਤੱਥਾਂ ਨੂੰ ਜਾਣ ਬੁੱਝ ਕੇ ਛੁਪਾਇਆ ਗਿਆ:-*

- *220ਕੇਵੀ ਆਰ.ਟੀ.ਪੀ.-1 ਸਰਕਟ ਦੀ ਬੇਅ ਦੇ ਬਸ ਬਾਰ ਆਈਸੋਲੇਟਰ ਤੋਂ ਸਰਕਟ ਬ੍ਰੇਕਰ ਦੇ ਰੇਡ ਫੇਸ ਦੇ ਜੰਪਰ ਦਾ ਕਲੈਂਪ ਵਿਚੋਂ ਨਿਕਲਕੇ ਆਈਸੋਲੇਟਰ ਸਟਰਕਚਰ ਨਾਲ ਅਰਥ ਹੋਣਾ।*
- *220ਕੇਵੀ ਅਮਲੋਹ-ਮਲੇਰਕੋਟਲਾ ਲਾਈਨ ਦੀ ਟਰਿਪਿੰਗ।*
- *220 ਕੇਵੀ ਬੱਸੀ ਪਠਾਣਾ-ਆਰ.ਟੀ.ਪੀ. ਲਾਈਨ ਦੀ ਟਰਿਪਿੰਗ।*

*2. ਤੁਹਾਡੇ ਵਲੋਂ 220ਕੇਵੀ ਸ/ਸ ਜੀ-1 ਵਿਖੇ ਮੈਂਟੀਨੈਂਸ ਦੇ ਕੰਮਾਂ ਦੇ ਪੱਧਰ ਨੂੰ ਜਾਣਬੁਝ ਕੇ ਅੱਖੋ ਪ੍ਰੋਖੇ ਕੀਤਾ ਗਿਆ ਜਿਸ ਕਾਰਨ ਮਿਤੀ 19.01.2021 ਨੂੰ 220ਕੇਵੀ ਜੀ-1, ਅਮਲੋਹ ਅਤੇ ਬੱਸੀ ਪਠਾਣਾ ਵਿਖੇ ਬਲੈਕ ਆਊਟ ਹੋਇਆ।*

*3. 220ਕੇਵੀ ਸ/ਸ ਜੀ-1 ਤੇ ਕੀਤੀ ਜਾਂਦੀ ਰੁਟੀਨ ਮੈਂਟੀਨੇਂਸ ਦੌਰਾਨ ਈ.ਐਮ.ਆਰ. ਵਿੱਚ ਟਰਾਂਸਫਾਰਮਰਾਂ ਦੀ ਆਈ.ਆਰ. ਕੀਮਤਾਂ ਅਤੇ ਸਿਲੀਕਾ ਜੈਲ ਦੀ ਹਾਲਤ ਸਬੰਧੀ ਜਾਅਲੀ ਇੰਦਰਾਜ ਜਾਣਬੁਝ ਕੇ ਕਰਵਾਉਂਦੇ ਰਹੇ, ਜਿਸ ਕਰਕੇ ਅਸਲ ਵਿੱਚ ਸ/ਸ ਦੀ ਮੈਂਟੀਨੇਂਸ ਨਾ ਹੋਣ ਕਰਕੇ ਇਸ ਦਾ ਪੱਧਰ ਬਹੁਤ ਨੀਵਾਂ ਹੁੰਦਾ ਗਿਆ।*

*ਤੁਹਾਡੇ (ਇੰਜ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ) ਵੱਲੋਂ ਕੀਤੀਆਂ ਗਈਆ ਉਪਰੋਕਤ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਇਸ ਕਦਰ ਹਨ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (v ਤੋਂ ix) ਜੋ ਕਿ ਵਿਨਿਯਮ 08 ਨਾਲ ਪੜ੍ਹਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀਆਂ ਹਨ। "*

C) ਜਿਵੇਂ ਕਿ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਵੱਲੋਂ ਦਫਤਰ: 220ਕੇਵੀ ਸਬ ਸਟੇਸ਼ਨ ਮੰਡੀ ਗੋਬਿੰਦਗੜ੍ਹ-1, ਪੀ.ਐਸ.ਟੀ.ਸੀ.ਐਲ, ਮੰਡੀ ਗੋਬਿੰਦਗੜ੍ਹ ਵਿਖੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਕੀਤੀਆਂ ਹੇਠ ਲਿਖੀਆਂ ਅਣਗਹਿਲੀਆਂ/ ਕੁਤਾਹੀਆਂ ਕਰਕੇ ਉਸ ਨੂੰ ਦੋਸ਼ ਸੂਚੀ ਨੰ: 114 ਮਿਤੀ 13.05.2021 (ਦੋਸ਼ ਸੂਚੀ ਨੰ: 112 ਅਤੇ 113 ਮਿਤੀ 13.05.2021 ਦੇ ਨਾਲ ਸਾਂਝੀ ਕਾਰਵਾਈ ਅਧੀਨ) ਜਾਰੀ ਕੀਤੀ ਗਈ ਸੀ:-

*"**1.** ਤੁਹਾਡੇ ਵਲੋਂ ਮਿਤੀ 19.01.2021 ਨੂੰ 220ਕੇਵੀ ਸ/ਸ ਮੰਡੀ ਗੋਬਿੰਦਗੜ੍ਹ-1 ਵਿਖੇ ਲਗਭੱਗ 17.15 ਵਜੇ 220ਕੇਵੀ ਬਸ ਬਾਰ-1 ਅਤੇ 2 ਤੋਂ ਚਲਦੇ ਸਾਰੇ 220ਕੇਵੀ ਸਰਕਟਾਂ ਅਤੇ ਸਾਰੇ 220/66 ਕੇਵੀ ਦੇ ਟਰਾਂਸਫਾਰਮਰਾਂ ਦੇ ਟਰਿਪ ਹੋਣ ਦੇ ਕਾਰਣਾਂ ਸਬੰਧੀ ਹੇਠ ਲਿਖੇ ਅਸਲ ਤੱਥਾਂ ਨੂੰ ਜਾਣ ਬੁੱਝ ਕੇ ਛੁਪਾਇਆ ਗਿਆ:-*

- *220ਕੇਵੀ ਆਰ.ਟੀ.ਪੀ.-1 ਸਰਕਟ ਦੀ ਬੇਅ ਦੇ ਬਸ ਬਾਰ ਆਈਸੋਲੇਟਰ ਤੋਂ ਸਰਕਟ ਬ੍ਰੇਕਰ ਦੇ ਰੇਡ ਫੇਸ ਦੇ ਜੰਪਰ ਦਾ ਕਲੈਂਪ ਵਿਚੋਂ ਨਿਕਲਕੇ ਆਈਸੋਲੇਟਰ ਸਟਰਕਚਰ ਨਾਲ ਅਰਥ ਹੋਣਾ।*
- *220ਕੇਵੀ ਅਮਲੋਹ-ਮਲੇਰਕੋਟਲਾ ਲਾਈਨ ਦੀ ਟਰਿਪਿੰਗ।*
- *220ਕੇਵੀ ਬੱਸੀ ਪਠਾਣਾ-ਆਰ.ਟੀ.ਪੀ. ਲਾਈਨ ਦੀ ਟਰਿਪਿੰਗ।*

***2.** ਤੁਹਾਡੇ ਵਲੋਂ 220ਕੇਵੀ ਸ/ਸ ਜੀ-1 ਵਿਖੇ ਮੈਂਟੀਨੈਂਸ ਦੇ ਕੰਮਾਂ ਦੇ ਪੱਧਰ ਵਿੱਚ ਜਾਣਬੁਝ ਕੇ ਨਿਘਾਰ ਲਿਆਂਦਾ ਗਿਆ ਜਿਸ ਕਾਰਨ ਮਿਤੀ 19.01.2021 ਨੂੰ 220ਕੇਵੀ ਜੀ-1, ਅਮਲੋਹ ਅਤੇ ਬੱਸੀ ਪਠਾਣਾ ਵਿਖੇ ਬਲੈਕ ਆਊਟ ਹੋਇਆ।*

*3. 220ਕੇਵੀ ਸ/ਸ ਜੀ-1 ਤੇ ਕੀਤੀ ਜਾਂਦੀ ਰੁਟੀਨ ਮੈਂਟੀਨੇਂਸ ਦੌਰਾਨ ਈ.ਐਮ.ਆਰ. ਵਿੱਚ ਟਰਾਂਸਫਾਰਮਰਾਂ ਦੀ ਆਈ.ਆਰ. ਕੀਮਤਾਂ ਅਤੇ ਸਿਲੀਕਾ ਜੈਲ ਦੀ ਹਾਲਤ ਸਬੰਧੀ ਜਾਅਲੀ ਇੰਦਰਾਜ ਜਾਣਬੁਝ ਕੀਤੇ ਗਏ ਅਤੇ ਆਪਣੇ ਉੱਚ ਅਧਿਕਾਰੀਆਂ ਨੂੰ ਗੁੰਮਰਾਹ ਕੀਤਾ ਗਿਆ।*

*ਤੁਹਾਡੇ (ਇੰਜ: ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ) ਵੱਲੋਂ ਕੀਤੀਆਂ ਗਈਆ ਉਪਰੋਕਤ ਅਣਗਹਿਲੀਆਂ/ ਕੁਤਾਹੀਆਂ/ ਬੇਨਿਯਮੀਆਂ ਇਸ ਕਦਰ ਹਨ ਕਿ ਤੁਹਾਡੇ ਵਿਰੁੱਧ ਵਿਭਾਗ ਦੇ ਸਜ਼ਾ ਅਤੇ ਅਪੀਲ ਵਿਨਿਯਮ-1971 ਦੇ ਵਿਨਿਯਮ 05 (v ਤੋਂ ix) ਜੋ ਕਿ ਵਿਨਿਯਮ 08 ਨਾਲ ਪੜਿਆ ਜਾਵੇ, ਅਧੀਨ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਆਕਰਸ਼ਿਤ ਕਰਦੀਆਂ ਹਨ। "*

ਜਿਵੇਂ ਕਿ ਦੋਸ਼ ਸੂਚੀਆਂ ਨੰ: 112 ਤੋਂ 114 ਮਿਤੀ 13.05.2021 (ਸਾਂਝੀ ਕਾਰਵਾਈ ਅਧੀਨ) ਸਬੰਧੀ ਸੰਕਲਿਤ ਮੁਕੰਮਲ ਕੇਸ ਨੂੰ ਵਾਚਣ ਉਪਰੰਤ ਸਮਰੱਥ ਅਧਿਕਾਰੀ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਵਲੋਂ ਸਬੰਧਤ ਅਧਿਕਾਰੀਆਂ ਅਤੇ ਕਰਮਚਾਰੀ ਨੂੰ ਹੇਠ ਲਿਖੇ ਅਨੁਸਾਰ ਸਜ਼ਾ ਦਿੱਤੀਆਂ ਗਈਆਂ ਸਨ:-

1) ਦੋਸ਼ ਸੂਚੀ ਨੰ: 112 ਮਿਤੀ 13.05.2021 ਵਿਰੁੱਧ ਇੰਜੀ: ਨਿਰਮਲ ਸਿੰਘ, ਕੋਡ ਨੰ. 107257, ਵਧੀਕ ਨਿਗਰਾਨ ਇੰਜੀਨੀਅਰ: *'Censure'.*
2) ਦੋਸ਼ ਸੂਚੀ 113 ਮਿਤੀ 13.05.2021 ਵਿਰੁੱਧ ਇੰਜੀ: ਵਿਕਰਮਜੀਤ ਸਿੰਘ, ਕੋਡ ਨੰ. 501059, ਸਹਾਇਕ ਕਾਰਜਕਾਰੀ ਇੰਜੀਨੀਅਰ: *'Three increments without cumulative effect be stopped'.*
3) ਦੋਸ਼ ਸੂਚੀ 114 ਮਿਤੀ 13.05.2021 ਵਿਰੁੱਧ ਸ਼੍ਰੀ ਵਰਿੰਦਰਪਾਲ ਸਿੰਘ, ਆਈ.ਡੀ. ਨੰ. 603106, ਜੂਨੀਅਰ ਇੰਜੀਨੀਅਰ: *'Three increments without cumulative effect be stopped.'*

ਜਿਵੇਂ ਕਿ ਉਪਰੋਕਤ ਦਰਸਾਈਆਂ ਸਜ਼ਾਵਾਂ ਦੇ ਸਬੰਧ ਵਿੱਚ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 349 ਮਿਤੀ 04.05.2023 ਜਾਰੀ ਕੀਤਾ ਗਿਆ ਸੀ।

ਜਿਵੇਂ ਕਿ ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਅਤੇ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਵਲੋਂ '*ਪੀ.ਐਸ.ਈ.ਬੀ. ਕਰਮਚਾਰੀਆਂ ਸਜ਼ਾ ਅਤੇ ਅਪੀਲ ਰੈਗੂਲੇਸ਼ਨਜ਼, 1971*' ਦੇ ਵਿਨਿਯਮਾਂ ਅਧੀਨ, ਉਪਰੋਕਤ ਦਰਸਾਈਆਂ ਸਜ਼ਾਵਾਂ (ਦਫਤਰੀ ਹੁਕਮ ਨੰ. 349 ਮਿਤੀ 04.05.2023) ਦੇ ਵਿਰੁੱਧ ਅਪੀਲਾਂ ਕੀਤੀਆਂ ਗਈਆਂ।

ਜਿਵੇਂ ਕਿ ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਅਤੇ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਵਲੋਂ ਕੀਤੀਆਂ ਗਈਆਂ ਅਪੀਲਾਂ ਉਤੇ ਸਬੰਧਤ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ i.e. ਕ੍ਰਮਵਾਰ ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਅਤੇ ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ ਵਲੋ ਆਪਣੀਆਂ ਟਿਪਣੀਆਂ ਦਿਤੀਆ ਗਈਆਂ।

ਜਿਵੇਂ ਕਿ ਉਪਰੋਕਤ ਦਰਸਾਏ ਰਿਪੋਰਟਿੰਗ ਅਤੇ ਕੰਟਰੋਲਿੰਗ ਅਧਿਕਾਰੀਆਂ ਵੱਲੋਂ 2 ਨੰ. ਅਪੀਲਾ ਸਬੰਧੀ ਟਿਪਣੀਆਂ ਪ੍ਰਾਪਤ ਹੋਣ ਉਪਰੰਤ, ਇੰਜੀ: ਵਿਕਰਮਜੀਤ ਸਿੰਘ ਅਤੇ ਸ੍ਰੀ ਵਰਿੰਦਰਪਾਲ ਸਿੰਘ ਵਲੋਂ ਇਸ ਦਫਤਰ ਵਲੋਂ ਦਫਤਰੀ ਹੁਕਮ ਨੰ. 349 ਮਿਤੀ 04.05.2023 ਵਿਰੁੱਧ ਕੀਤੀਆਂ ਗਈਆਂ ਅਪੀਲਾਂ ਸਬੰਧੀ ਸੰਕਲਿਤ ਮੁਕੰਮਲ ਕੇਸ (i.e. EIC/HIS&D ਅਜੰਡਾ ਨੰ.1 ਮਿਤੀ 12.01.2024) ਨੂੰ ਅਪੀਲੀ ਅਧਿਕਾਰੀ ਬੀ.ਓ.ਡੀ., ਪੀ.ਐਸ.ਟੀ.ਸੀ.ਐਲ. ਜੀ ਦੇ ਸਨਮੁੱਖ ਵਿਚਾਰਨ ਅਤੇ ਅਗਲੇਰੇ ਹੁਕਮਾਂ/ ਫੈਸਲੇ ਹਿਤ ਪੇਸ਼ ਕੀਤਾ ਗਿਆ ਸੀ।

ਜਿਵੇਂ ਕਿ ਬੀ.ਓ.ਡੀ., ਪੀ.ਐਸ.ਟੀ.ਸੀ.ਐਲ. ਜੀ ਵੱਲੋਂ ਉਪਰੋਕਤ ਅਜੰਡੇ (EIC/HIS&D ਅਜੰਡਾ ਨੰ.1 ਮਿਤੀ 12.01.2024) ਨੂੰ ਆਪਣੀ ੮੨ਵੀਂ ਮੀਟਿੰਗ ਮਿਤੀ 20.01.2024 ਵਿਖੇ ਵਾਚਣ ਉਪਰੰਤ, ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਅਤੇ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਵਲੋਂ ਕੀਤੀਆਂ ਗਈਆਂ ਅਪੀਲਾਂ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਫੈਸਲਾ ਜਾਰੀ ਕੀਤਾ ਗਿਆ ਹੈ:-

*"Board perused the agenda put up by EIC/HIS&D and after deliberations, decided as under:*

1) *Charge-sheet no. 113 dated 13.05.2021 against Er. Vikramjit Singh, AEE (Code No. 501059): 'One increment without cumulative effect be stopped instead of three increments.*
2) *Charge-sheet no. 114 dated 13.05.2021 against Sh. Varinderpal Singh, JE (Code No. 603106): 'Two increment without cumulative effect be stopped instead of three increments."*

ਇਸ ਲਈ, ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ, ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਵੱਲੋਂ ਇਸ ਦਫਤਰ ਦੇ ਦਫਤਰੀ ਹੁਕਮ ਨੰ: 349 ਮਿਤੀ 04.05.2023 ਵਿਰੁੱਧ ਕੀਤੀ ਗਈ ਅਪੀਲ ਦਾ ਫੈਸਲਾ ਕਰਦੇ ਹੋਏ ਉਨ੍ਹਾਂ ਵਿਰੁੱਧ ਦੋਸ਼ ਸੂਚੀ ਨੰ. 113 ਮਿਤੀ 13.05.2021 ਦੇ ਸਬੰਧ ਵਿੱਚ ਪਹਿਲਾਂ ਜਾਰੀ *'Three increments without cumulative effect be stopped '* ਦੀ ਸਜ਼ਾ ਨੂੰ ਘੱਟ ਕਰਦੇ ਹੋਏ *'One increment without cumulative effect be stopped'* ਦੀ ਸਜ਼ਾ ਜਾਰੀ ਕਰਦਾ ਹੈ ਅਤੇ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਵੱਲੋਂ ਇਸ ਦਫਤਰ ਦੇ ਦਫਤਰੀ ਹੁਕਮ ਨੰ: 349 ਮਿਤੀ 04.05.2023 ਵਿਰੁੱਧ ਕੀਤੀ ਗਈ ਅਪੀਲ ਦਾ ਫੈਸਲਾ ਕਰਦੇ ਹੋਏ ਉਸ ਵਿਰੁੱਧ ਦੋਸ਼ ਸੂਚੀ ਨੰ. 114 ਮਿਤੀ 13.05.2021 ਦੇ ਸਬੰਧ ਵਿੱਚ ਪਹਿਲਾਂ ਜਾਰੀ *'Three increments without cumulative effect be stopped '* ਦੀ ਸਜ਼ਾ ਨੂੰ ਘੱਟ ਕਰਦੇ ਹੋਏ *'Two increments without cumulative effect be stopped'* ਦੀ ਸਜ਼ਾ ਜਾਰੀ ਕਰਦਾ ਹੈ।

ਇਹ ਹੁਕਮ ਅਪੀਲੀ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

4/3/2024

ਉਪ ਮੁੱਖ ਇੰਜੀ:/ ਐਚ.ਆਰ. ਅਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ ।

ਪਿੱਠ ਅੰਕਣ ਨੰ: 2507/20 /CS-112 to 114 ਮਿਤੀ : 5/3/24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗੇਤਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ:-

1) ਪ੍ਰਮੁੱਖ ਇੰਜੀਨੀਅਰ/ ਪੀ ਤੇ ਐਮ., ਪੀ.ਐਸ.ਟੀ.ਸੀ.ਐਲ, ਲੁਧਿਆਣਾ।
2) ਮੁੱਖ ਇੰਜੀਨੀਅਰ/ ਟੀ.ਐਸ., ਪੀ.ਐਸ.ਟੀ.ਸੀ.ਐਲ, ਪਟਿਆਲਾ।
3) ਉਪ ਮੁੱਖ ਇੰਜੀਨੀਅਰ/ ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
4) ਉਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ, ਲੁਧਿਆਣਾ ਨੂੰ 2 ਨੰ: ਵਾਧੂ ਕਾਪੀਆਂ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਅਤੇ ਸ੍ਰੀ ਵਰਿੰਦਰਪਾਲ ਸਿੰਘ, ਜੂਨੀਅਰ ਇੰਜੀਨੀਅਰ (ਹੁਣ ਏ.ਏ.ਈ.), ਆਈ.ਡੀ.ਨੰ: 603106 ਨੂੰ ਵਾਧੂ ਕਾਪੀਆਂ ਸੌਂਪ ਕੇ ਉਨ੍ਹਾਂ ਦੀਆਂ ਪ੍ਰਾਪਤੀ ਰਸੀਦਾਂ, ਪ੍ਰਤੀ ਹਸਤਾਖਰ ਕਰਕੇ ਇਸ ਦਫਤਰ ਨੂੰ ਪਹਿਲ ਦੇ ਅਧਾਰ ਤੇ ਭੇਜਣੀਆ ਯਕੀਨੀ ਬਣਾਈਆਂ ਜਾਣ।

5) ਉਪ ਮੁੱਖ ਇੰਜੀਨੀਅਰ/ ਟੈਕਨੀਕਲ ਆਡਿਟ, ਫਲੈਟ ਨੰ: 2, ਪੀ.ਐਸ.ਟੀ.ਸੀ.ਐਲ., ਪਟਿਆਲਾ।
6) ਉਪ ਸਕੱਤਰ/ ਅਮਲਾ, ਪੀ.ਐਸ.ਟੀ.ਸੀ.ਐਲ., ਪਟਿਆਲਾ।
7) ਵਧੀਕ ਨਿਗਰਾਨ ਇੰਜੀਨੀਅਰ/ ਟ੍ਰੇਨਿੰਗ (ਪੀ ਤੇ ਆਰ), ਪੀ.ਐਸ.ਟੀ.ਸੀ.ਐਲ., ਪਟਿਆਲਾ।

ਰਜਿਸਟਰਡ

8) ਸੀਨੀ:ਕਾ:ਕਾ:ਇੰਜੀ:/ ਪ੍ਰੋਟੈਕਸ਼ਨ ਮੰਡਲ, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ।
9) ਸੀਨੀ:ਕਾ:ਕਾ:ਇੰਜੀ:/ ਪੀ ਤੇ ਐਮ ਮੰਡਲ-1, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ।
10) ਸੀਨੀ:ਕਾ:ਕਾ:ਇੰਜੀ:/ ਪੀ ਤੇ ਐਮ ਮੰਡਲ-2, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ।
11) ਸੀਨੀ:ਕਾ:ਕਾ:ਇੰਜੀ:/ ਪ੍ਰਸੋਨਲ, ਪੀ.ਐਸ.ਟੀ.ਸੀ.ਐਲ, ਪਟਿਆਲਾ।
12) ਲੇਖਾ ਅਫਸਰ/ ਤਨਖਾਹ ਤੇ ਲੇਖਾ, ਪੀ.ਐਸ.ਟੀ.ਸੀ.ਐਲ, ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦਾ ਇੰਦਰਾਜ ਇੰਜੀ: ਵਿਕਰਮਜੀਤ ਸਿੰਘ, ਸਹਾਇਕ ਕਾਰਜਕਾਰੀ ਇੰਜੀਨੀਅਰ, ਕੋਡ ਨੰ: 501059 ਅਤੇ ਸ਼੍ਰੀ ਵਰਿੰਦਰਪਾਲ ਸਿੰਘ, ਆਈ.ਡੀ. ਨੰ. 603106, ਏ.ਏ.ਈ. ਦੇ ਸੇਵਾ ਰਿਕਾਰਡ ਵਿੱਚ 7 ਦਿਨਾ ਦੇ ਅੰਦਰ-ਅੰਦਰ ਕਰਕੇ/ ਕਰਵਾਕੇ, ਸਬੰਧਤ ਸਰਵਿਸ ਬੁੱਕ ਦੇ ਪੰਨੇ ਦੀ ਤਸਦੀਕਸੁਦਾ ਕਾਪੀ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਰਜਿਸਟਰਡ

13) ਇੰਜੀ: ਵਿਕਰਮਜੀਤ ਸਿੰਘ, ਕੋਡ ਨੰ. 501059, ਸਹਾਇਕ ਕਾਰਜਕਾਰੀ ਇੰਜੀਨੀਅਰ, ਏ.ਈ.ਈ./ ਟੀ.ਐਲ., ਮੰਡੀ ਗੋਬਿੰਦਗੜ੍ਹ ਅਧੀਨ ਪੀ ਤੇ ਐਮ ਮੰਡਲ-2, ਪੀ.ਐਸ.ਟੀ.ਸੀ.ਐਲ., ਮੰਡੀ ਗੋਬਿੰਦਗੜ।
14) ਸ਼੍ਰੀ ਵਰਿੰਦਰਪਾਲ ਸਿੰਘ, ਆਈ.ਡੀ. ਨੰ. 603106, ਏ.ਏ.ਈ., ਦਫਤਰ: ਉਪ ਮੁੱਖ ਇੰਜੀਨੀਅਰ/ ਟੈਕਨੀਕਲ ਆਡਿਟ, ਫਲੈਟ ਨੰ: 2, ਪੀ.ਐਸ.ਟੀ.ਸੀ.ਐਲ., ਪਟਿਆਲਾ।

ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ, ਪਟਿਆਲਾ।

੨੮੨੧/੨੪
5/3/੨੪

ਸੀ.ਸੀ.

1) ਸੀਨੀ: ਨਿੱਜੀ ਸਕੱਤਰ ਟੂ ਸੀ.ਐਮ.ਡੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
2) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
3) ਸੀਨੀ: ਨਿੱਜੀ ਸਕੱਤਰ ਟੂ ਡਾਇਰੈਕਟਰ/ ਟੈਕਨੀਕਲ, ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ।
4) ਕੰਪਨੀ ਸਕੱਤਰ/ ਪੀ.ਐਸ.ਟੀ.ਸੀ.ਐਲ, ਪਟਿਆਲਾ।